[This question paper contains 4 printed pages.]

**Your Roll No...............**

**Sr. No. of Question Paper : 5418** **J**

Unique Paper Code : 2125001203

Name of the Paper : Desh Vand Di Punjabi Kavita

Name of the Course : **Common Programme Group – General Elective (GE)**

Semester : II – Examination May-June 2025

Duration : 3 Hours Maximum Marks : 90

**Instructions for Candidates**

1. Write your Roll No. on the top immediately on receipt of this question paper.

**ਨੋਟ: ਸਾਰੇ ਭਾਗ ਕਰਨੇ ਜ਼ਰੂਰੀ ਹਨ।**

### ਭਾਗ ਪਹਿਲਾ

1. ਦੇਸ਼ ਵੰਡ ਦੀ ਕਵਿਤਾ ਵਿਚ ਦੇਸ਼ ਵੰਡ ਦੇ ਰਾਜਨੀਤਕ ਪਰ੍ਭਾਵ ਬਾਰੇ ਵਿਸਤਾਰਪੂਰਵਕ ਲਿਖੋ। (15)

ਜਾਂ

ਦੇਸ਼ ਵੰਡ ਤੋਂ ਪਏ ਸਮਾਜਕ ਤੇ ਆਰਥਿਕ ਪਰ੍ਭਾਵਾਂ ਉੱਪਰ ਵਿਸਤਾਰ ਸਹਿਤ ਲਿਖੋ।

### ਭਾਗ ਦੂਸਰਾ

2. 'ਵਿਆਹੁਤਾ ਨਾਰ' ਕਵਿਤਾ ਦਾ ਵਿਸ਼ਾ-ਵਸਤੂ ਤੇ ਕੇਂਦਰੀ ਭਾਵ ਲਿਖੋ। (15)

ਜਾਂ

ਜਸਵੰਤ ਸਿੰਘ ਨੇਕੀ ਦੀ ਕਵਿਤਾ 'ਕਿਆਮਤ ਦੇਸ਼ ਵੰਡ ਦੀ' ਦਾ ਕਥਾ ਸਾਰ ਲਿਖੋ।

3. ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਇਕ ਦੀ ਪਰ੍ਸੰਗ ਸਹਿਤ ਵਿਆਖਿਆ ਕਰੋ: (10)

ੳ) ਮੈਂਡੀਏ ਸੁਹਣੀਏ ਪਿੰਡੀਏ, ਤੈਂਡੀ ਯਾਦ ਸਦਾ ਤੜਪਾਸੀ,
ਜਿੱਥੇ ਬੈਠਾਂ ਉੱਠਸਾਂ, ਮਨ ਨ ਕਦੇ ਭੁਲਾਸੀ।
ਚੁੱਪ ਧਾਰਨ ਦੇ ਰੋਸ ਵਜੋਂ ਅੱਜ, ਅੰਗ ਅੰਗ ਮੈਂਡਾ ਬੋਲੇ,
ਕੰਨਾਂ ਦੇ ਘੇਰਿਆਂ ਵਿਚ ਫਿਰਦੇ, ਮਿੱਠੇ ਮਾਹੀਏ ਢੋਲੇ।

ਜਾਂ

ਅ) ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ,
ਤੇ ਅੱਜ ਕਿਤਾਬੇ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ,
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।

## ਭਾਗ ਤੀਸਰਾ

4. 'ਦੁਸ਼ਮਨੀ ਦੀ ਦਾਸਤਾਨ' ਕਵਿਤਾ ਦਾ ਵਿਸ਼ਾ-ਵਸਤੂ ਸਪਸ਼ਟ ਕਰੋ। (15)

ਜਾਂ

1966 ਤੋਂ ਬਾਅਦ ਦੀ ਕਵਿਤਾ ਦਾ ਕੇਂਦਰੀ ਭਾਵ ਸਪਸ਼ਟ ਕਰੋ।

5. 'ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ਇੱਕ ਦੀ ਪਰ੍ਸੰਗ ਸਹਿਤ ਵਿਆਖਿਆ ਲਿਖੋ: (10)

ੳ) ਗੱਲ ਤਾਂ ਨਿੱਕੀ ਜਿਹੀ ਹੈ
ਮੈਂ ਹੀ ਭਾਵੁਕ ਹੋ ਗਿਆ ਹਾਂ

ਕਾਬਲੀ ਅੰਗੂਰ
ਲੰਘ ਕੇ ਆ ਗਿਆ ਹੈ ਵਾਹਗਿਓਂ
ਤੂੰ ਸੀ ਜਿਹੜੇ ਰਾਹ ਗਿਓਂ
ਬਹੁਤ ਖ਼ੁਸ਼ ਹੋਇਆ ਹਾਂ ਮੈਂ
ਅੱਖੀਆਂ ਵਿਚ ਆ ਗਏ ਨੇ ਅੱਥਰੂ
ਭਰ ਗਿਆ ਹੈ ਮੇਰੇ ਮੂੰਹ ਵਿਚ ਮਾਖਿਓਂ
ਗੱਲ ਤਾਂ ਨਿੱਕੀ ਜਹੀ ਹੈ
ਮੈਂ ਹੀ ਭਾਵੁਕ ਹੋ ਗਿਆ ਹਾਂ।

ਜਾਂ

ਅ) ਬਸ਼ੀਰ ਚਾਚਾ
ਉਹ ਪੱਗ ਜੋ ਤੂੰ ਆਪਣੇ ਦੋਸਤ ਨਾਲ ਬਦਲੀ ਸੀ
ਹੁਣ ਕਿਸੇ ਦਿਨ ਵੀ, ਮੇਰੇ ਸਿਰ ਬੱਝ ਸਕਦੀ ਹੈ
ਤੇ ਮੈਂ ਨਹੀਂ ਚਾਹੁੰਦਾ
ਕਿ 'ਖ਼ੂਨ ਦੇ ਦਾਗ਼' ਮੇਰੇ ਸਿਰ ਸਜਣ
ਇਸ ਲਈ ਇਸ ਖ਼ਤ ਨੂੰ
ਖ਼ਤ ਨਹੀਂ, ਤਾਰ ਸਮਝਣਾ
ਤੇ ਪੜ੍ਹਦਿਆਂ ਹੀ ਵਾਪਸੀ ਡਾਕ ਤੇ
ਪਿੰਡ ਵਾਪਸ ਆ ਜਾਣਾ
"ਬੁੱਢੇ ਰੁੱਖ ਨੇ ਟੁੱਟਣਾ ਹੀ ਹੈ ਇਕ ਦਿਨ ਆਖ਼ਰ"
ਕਹਿ ਕੇ ਟਾਲਣ ਦੀ ਕੋਸ਼ਿਸ਼ ਨਾ ਕਰੀਂ।

## ਭਾਗ ਚੌਥਾ

6. ਸੁਰਜੀਤ ਪਾਤਰ ਦੀ ਕਵਿਤਾ 'ਉਨ੍ਹਾਂ ਦਾ ਵਿਰਲਾਪ' ਦਾ ਆਲੋਚਨਾਤਮਕ ਅਧਿਐਨ ਕਰੋ। (15)

ਜਾਂ

2000 ਤੋਂ ਬਾਅਦ ਦੀ ਦੇਸ਼ ਵੰਡ ਦੀ ਕਵਿਤਾ ਦਾ ਕੇਂਦਰੀ ਭਾਵ ਬਿਆਨ ਕਰੋ।

7. ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ਇਕ ਦੀ ਪਰ੍ਸੰਗ ਸਹਿਤ ਵਿਆਖਿਆ ਲਿਖੋ: (10)

ੳ) ਭਾਰੂ ਮੌਤ ਵਾਲਾ ਪਾਸਾ ਹੋਈ ਜਾਂਦਾ, ਪਾਸਾ ਹੋਈ ਜਾਂਦਾ ਲਿੱਸਾ ਜ਼ਿੰਦਗੀ ਦਾ,
ਦੋ ਦੋ ਵਾਰ ਪਏ ਮੌਤ ਨੂੰ ਆਉਣ ਦਿਨ ਵਿਚ ਖਾ ਕੇ ਅੰਨ ਮਿੱਸਾ ਤਿੱਸਾ ਜ਼ਿੰਦਗੀ ਦਾ।
ਲੋਕੀਂ ਹਾਦਸੇ ਉੱਤੇ ਵੀ ਹੱਸਦੇ ਨੇ, ਬਣਿਆ ਇਸ ਤਰਹ੍ਾਂ ਦਾ ਕਿੱਸਾ ਜ਼ਿੰਦਗੀ ਦਾ,
ਆਮ ਗੱਲ ਹੈ ਚੋਰੀਆਂ, ਕਤਲ, ਡਾਕੇ, ਹੁਣ ਤਾਂ ਕਰਫਿਊ ਹੈ ਹਿੱਸਾ ਜ਼ਿੰਦਗੀ ਦਾ।

ਜਾਂ

ਅ) ਜਿਨਹ੍ਾਂ ਪੁੱਟ ਕੇ ਜੰਗਲ਼ ਆਬਾਦ ਕੀਤੇ, ਮਾਲਕ ਬਣੇ ਸੀ ਜੋ ਮੁਰੱਬਿਆਂ ਦੇ,
ਜਿਨਹ੍ਾਂ ਨਾਲ ਪਸੀਨੇ ਦੇ ਖੇਤ ਸਿੰਜੇ, ਪੰਗੇ ਲਏ ਨਾਲ ਜਾਂਗਲੀ ਕੱਬਿਆਂ ਦੇ।
ਮਿਲਖਾਂ ਵਾਲੇ ਜੋ ਰਾਜਿਆਂ ਵਾਂਗ ਰਹਿੰਦੇ, ਫਿਕਰ ਕਰਦੇ ਨਾ ਸੱਜਿਆਂ ਖੱਬਿਆਂ ਦੇ
ਬਿੰਦਰ ਸਿਆਂ ਖਾਲੀ ਹੱਥ, ਸਿਰ ਪੈਰ ਨੰਗੇ, ਲੱਦੇ ਗਏ ਵਿਚ ਰੇਲ ਦੇ ਡੱਬਿਆਂ ਦੇ।

(100)